Publication : Dainik Sewak
Date : July 25, 2008
Edition : Chandigarh

# ਮੈਪ ਮਾਈ ਇੰਡੀਆ ਵਲੋਂ ਉਪਕਰਨ ਲਾਂਚ

ਚੰਡੀਗੜ੍ਹ/24 ਜੁਲਾਈ/ਦਸਨਸ

ਮੈਪਮਾਈ ਇੰਡੀਆ ਨੇ ਅੱਜ ਪੰਜਾਬ ਵਿਚ ਆਪਣੇ ਅਤਿ ਆਧੁਨਿਕ ਆਲ ਇੰਡੀਆ ਜੀਪੀਐਸ (ਗਲੋਬਲ ਪੋਜ਼ੀਸ਼ਨਿੰਗ ਸਿਸਟਮ) ਉਪਕਰਨ ਮੈਪ ਮਾਈ ਇੰਡੀਆ ਨੇਵੀਗੇਟਰ ਦੇ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ। ਮੈਪਮਾਈ ਇੰਡੀਆ ਦੇ ਪ੍ਰਸਿੱਧ ਨਿਰਦੇਸ਼ਕ ਰਕੇਸ਼ ਵਰਮਾ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਨਵੇਂ ਉਪਕਰਨ ਨਾਲ ਪੰਜਾਬ ਸਮੇਤ ਭਾਰਤ ਦੇ ਕਿਸੇ ਵੀ ਸ਼ਹਿਰ ਵਿਚ ਸਫ਼ਰ ਕਰਨਾ ਅਰਾਮਦਾਇਕ, ਸੁਵਿਧਾਜਨਕ ਅਤੇ ਸੁਰੱਖਿਅਤ ਹੋ ਗਿਆ ਹੈ। ਇਸ ਨਾਲ ਕਿਸੇ ਵੀ ਕਿਸਮ ਦਾ ਰਸਤਾ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ ਪਵੇਗੀ। 174 ਸ਼ਹਿਰਾਂ ਦਾ ਵਿਸਤ੍ਰਿਤ ਨਕਸ਼ਾ ਤੁਹਾਨੂੰ ਸਹੀ ਸਥਿਤੀ ਬਾਰੇ ਦੱਸੇਗਾ ਅਤੇ ਜ਼ੁਬਾਨੀ ਅਗਵਾਈ ਵੀ ਕਰੇਗਾ। ਉਨ੍ਹਾਂ ਕਿਹਾ ਕਿ ਇਸ ਕਾਢ ਨੂੰ ਸਾਲ 2008 ਦਾ ਜਿਓਸਪਤਿਆਲ, ਐਵਾਰਡ ਮਿਲ ਚੁੱਕਿਆ ਹੈ। ਇਸ ਤੋਂ ਇਲਾਵਾ ਏਟੀਐਮ, ਰੈਸਤਰਾਂ, ਹੋਟਲ, ਡਾਕਘਰ, ਸਿਹਤ ਸੇਵਾਵਾਂ ਅਤੇ ਹੋਰ ਬਹੁਤ ਕੁਝ ਸਮੇਤ 4,50,000 ਪ੍ਰਮੁੱਖ ਸਥਾਨਾਂ ਬਾਰੇ ਜਾਣਕਾਰੀ ਵੀ ਇਸ ਵਿਚ ਉਪਲੱਬਧ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਉਪਗ੍ਰਹਿ ਨਾਲ ਸਬੰਧਤ ਪਤਾ ਲਗਾਉਂਦਾ ਹੈ ਕਿ ਤੁਸੀਂ ਇਸ ਸਮੇਂ ਕਿਥੇ ਹੋ ਅਤੇ ਕਿਸ ਪਾਸੇ ਵੱਧ ਰਹੇ ਹੋ, ਇੰਜ ਤੁਸੀਂ ਆਪਣੇ ਟਿਕਾਣੇ 'ਤੇ ਬਿਨਾਂ ਪੁੱਛਗਿੱਛ ਤੋਂ ਪਹੁੰਚ ਸਕਦੇ ਹੋ। ਉਨ੍ਹਾਂ ਕਿਹਾ ਕਿ ਨੇਵੀਗੇਟਰ ਦੇ ਦੋ ਹਾਰਡਵੇਅਰ ਮਾਡਲ ਐਮੇਕਸ 06, ਜੀਪੀ-5ਏ ਦੀ ਕੀਮਤ 17,990 ਰੁਪਏ ਅਤੇ ਡੈਲਫੀ ਨਵ-200 ਦੀ ਕੀਮਤ 20,990 ਰੁਪਏ ਜਨਰਲ ਮੋਟਰਜ਼ ਅਤੇ ਫੋਰਡ ਡੀਲਰਸ਼ਿਪ ਅਸੈਸਰੀ ਦੀਆਂ 500 ਤੋਂ ਵੱਧ ਦੁਕਾਨਾਂ 'ਤੇ ਉਪਲੱਬਧ ਹਨ।



ਮੈਪਮਾਈ ਇੰਡੀਆ ਜੀਪੀਐਸ ਨੇਵੀਗੇਟਰ ਦੀ ਲਾਂਚਿੰਗ ਮੌਕੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਪ੍ਰਦੀਪ ਛਾਬੜਾ ਅਤੇ ਕੰਪਨੀ ਦੇ ਅਧਿਕਾਰੀ। ਅਜੈ ਜਲੰਧਰੀ